ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ
(ਅਮਲਾ-4 ਸ਼ਾਖਾ)

ਹੁਕਮ ਨੰ: 2/1-2017ਅ4(5)
ਮਿਤੀ: 26-06-2018

## ਪਬਲਿਕ ਨੋਟਿਸ

ਪ੍ਰਾਇਮਰੀ ਟੀਚਰ ਤੋਂ ਮਾਸਟਰ ਕਾਡਰ ਦੇ ਵਿੱਚ ਤਰੱਕੀਆਂ ਸੰਬੰਧੀ ਮੁੱਖ ਦਫਤਰ ਵਿਖੇ ਕਾਊਸਲਿੰਗ ਕੀਤੀ ਜਾਣੀ ਹੈ। ਇਸ ਸਬੰਧੀ ਸੀਨੀਆਰਤਾ ਸੂਚੀ ਦੇ ਅਧਾਰ ਤੇ ਹੇਠ ਦਰਸਾਏ ਕ੍ਰਾਇਟੀਰੀਏ/ਪ੍ਰੋਗਰਾਮ ਅਨੁਸਾਰ ਮਾਸਟਰ ਕਾਡਰ ਦੀ ਤਰੱਕੀ ਲਈ ਪ੍ਰਾਇਮਰੀ ਅਧਿਆਪਕਾਂ ਨੂੰ ਹੇਠ ਲਿਖੇ ਅਨੁਸਾਰ ਵਿਸ਼ਿਆਂ ਸਾਹਮਣੇ ਦਰਸਾਏ ਸਥਾਨਾ ਤੇ ਹਾਜਰ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ: -

| ਲੜੀ ਨੰ: | ਮਿਤੀ | ਵਿਸ਼ਾ | ਸਥਾਨ | ਕਾਊਂਸਲਿੰਗ ਸੰਬੰਧੀ ਵਿਸ਼ਾ ਸੀਨੀ: ਸੂਚੀ ਅਨੁਸਾਰ ਸਮਾਂ ਸਾਰਨੀ | ਕਾਉਸਲਿੰਗ ਲਈ ਸ਼ਾਮਿਲ ਹੋਣ ਵਾਲੇ ਕਰਮਚਾਰੀਆਂ ਦੇ ਲੜੀ ਨੰ: |
|---|---|---|---|---|---|
| 1 | 28-06-2018 | ਅੰਗਰੇਜੀ | ਸਮਾਸਸਸ ਫੇਜ 3-ਬੀ 1, ਸਅਸ ਨਗਰ। | ਲੜੀ ਨੰ: 1 ਤੋਂ 600 - 08.00 ਵਜੇ ਸਵੇਰੇ<br>ਲੜੀ ਨੰ: 601 ਤੋਂ ਬਾਕੀ ਸਾਰੇ - 1.00 ਵਜੇ ਬਾ:ਦੁ: | ਨੱਥੀ ਸੂਚੀ ਅਨੁਸਾਰ। |
| 2 | 28-06-2018 | ਸਾਇੰਸ | ਸਹਾਸ ਫੇਜ-7, ਸਅਸ ਨਗਰ। | ਲੜੀ ਨੰ: 1 ਤੋਂ 600 - 08.00 ਵਜੇ ਸਵੇਰੇ<br>ਲੜੀ ਨੰ: 601 ਤੋਂ ਬਾਕੀ ਸਾਰੇ - 1.00 ਵਜੇ ਬਾ:ਦੁ: | ਨੱਥੀ ਸੂਚੀ ਅਨੁਸਾਰ। |
| 3 | 28-06-2018 | ਮੈਥ | ਸਸਸਸ ਫੇਜ-11, ਸਅਸ ਨਗਰ। | ਲੜੀ ਨੰ: 1 ਤੋਂ 600 - 08.00 ਵਜੇ ਸਵੇਰੇ<br>ਲੜੀ ਨੰ: 601 ਤੋਂ ਬਾਕੀ ਸਾਰੇ - 1.00 ਵਜੇ ਬਾ:ਦੁ: | ਨੱਥੀ ਸੂਚੀ ਅਨੁਸਾਰ। |
| 4 | 28-06-2018 | ਸੋਸ਼ਲ ਸਾਇੰਸ ਅਤੇ ਹਿੰਦੀ | ਸਕੰਸਸਸ ਸੋਹਾਣਾ, ਸਅਸ ਨਗਰ। | ਲੜੀ ਨੰ: 1 ਤੋਂ ਸਾਰੇ -8.00 ਵਜੇ ਸਵੇਰੇ<br>ਲੜੀ ਨੰ: 1 ਤੋਂ 158 ਤੱਕ -1.00 ਬਾ: ਦੁ: | ਨੱਥੀ ਸੂਚੀ ਅਨੁਸਾਰ। |

ਉਪਰੋਕਤ ਸੂਚੀ ਵਿਭਾਗ ਦੇ ਪੱਤਰ ਨੰ: 19/23-2016 ਅ2(1) ਮਿਤੀ 13-10-2017 ਅਨੁਸਾਰ ਸਿੱਖਿਆ ਵਿਭਾਗ ਦੇ ਪੋਰਟਲ ਈਪੰਜਾਬ ਤੇ ਅੱਪਲੋਡ ਕੀਤੇ ਰੈਗੂਲਰ ਹੋਏ ਪ੍ਰਾਇਮਰੀ ਅਧਿਆਪਕਾਂ ਦੇ ਡਾਟੇ ਦੇ ਅਧਾਰ ਤੇ ਡਾਇਰੈਕਟਰ ਸਿੱਖਿਆ ਵਿਭਾਗ(ਐਸਿ) ਨੇ ਸੰਬੰਧਤ ਜਿਲ੍ਹਾ ਸਿੱਖਿਆ ਅਫਸਰ(ਐਸਿ) ਵਲੋਂ ਵੈਰੀਫਾਈ ਕਰਨ ਉਪਰੰਤ ਤਿਆਰ ਕਰਕੇ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਨੂੰ ਤਰੱਕੀਆਂ ਕਰਨ ਲਈ ਵਿਸ਼ਾ ਸੀਨੀਆਰਤਾ ਸੂਚੀ ਦੇ ਰੂਪ ਵਿਚ ਉਪਲਬੱਧ ਕਰਵਾਈ ਗਈ ਹੈ ਜਿਸ ਦੇ ਸਨਮੁੱਖ ਇਹ ਤਰੱਕੀ ਪ੍ਰਕ੍ਰਿਆ ਅਮਲ ਵਿਚ ਲਿਆਂਦੀ ਜਾਣੀ ਹੈ। ਪਰੰਤੂ ਜੇਕਰ ਉਪਰਕੋਤ ਵਿਸ਼ਾ ਸੀਨੀਆਰਤਾਵਾਂ ਅਨੁਸਾਰ ਕੋਈ ਵੀ ਸੀਨੀਅਰ ਪ੍ਰਾਇਮਰੀ ਅਧਿਆਪਕ ਜੋ ਕਿ ਮਾਸਟਰ ਕਾਡਰ ਦੀਆਂ ਉਪਰੋਕਤ ਅਨੁਸਾਰ ਵਿਸ਼ਾ ਯੋਗਤਾਵਾਂ ਪੂਰੀਆਂ ਕਰਦਾ ਹੋਵੇ ਅਤੇ ਜਿਸ ਦਾ ਨਾਮ ਉਕਤ ਅਨੁਸਾਰ ਦਰਸਾਏ ਵਿਸ਼ਾ ਸੀਨੀਆਰਤਾ ਸੂਚੀ ਵਿਚ ਸ਼ਾਮਲ ਹੋਣ ਤੋਂ ਰਹਿ ਗਿਆ ਹੈ, ਉਹ ਵੀ ਮਿਤੀ 28-06-2018 ਨੂੰ ਸਵੇਰੇ 7.00 ਵਜੇ ਚੈਕ ਲਿਸਟ ਅਨੁਸਾਰ ਮੁਕੰਮਲ ਦਸਤਾਵੇਜਾਂ ਸਮੇਤ ਕਾਊਂਸਲਿੰਗ ਲਈ ਹਾਜਰ ਹੋਵੇ। ਇਸ ਤੋਂ ਬਾਅਦ ਰਹਿ ਗਏ ਕਿਸੇ ਵੀ ਕਰਮਚਾਰੀ ਨੂੰ ਬਾਅਦ ਵਿਚ ਕੋਈ ਦੂਜਾ ਮੌਕਾ ਨਹੀਂ ਦਿੱਤਾ ਜਾਵੇਗਾ। ਅਧੂਰੇ ਦਸਤਾਵੇਜਾਂ ਦੇ ਅਧਾਰ ਤੇ ਕਰਮਚਾਰੀ ਦਾ ਕੇਸ ਤਰੱਕੀ ਲਈ ਨਹੀਂ ਵਿਚਾਰਿਆ ਜਾਵੇਗਾ। ਕਾਊਂਸਲਿੰਗ ਲਈ ਹਾਜਰ ਹੋਏ ਪ੍ਰਾਇਮਰੀ ਅਧਿਆਪਕਾਂ ਨੂੰ ਬਾਰਡਰ ਏਰੀਆ(ਜਿਲ੍ਹਾ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜਪੁਰ, ਫਾਜਿਲਕਾ, ਪਠਾਨਕੋਟ ਅਤੇ ਤਰਨਤਾਰਨ) ਅਤੇ ਮੋਜੂਦਾ ਏਰੀਆ ਸੰਬੰਧੀ One Time Option ਮੌਕੇ ਤੇ ਹੀ ਦੇਣੀ ਹੋਵੇਗੀ ਜੇਕਰ ਇਸ ਸਬੰਧੀ ਆਪਸ਼ਨ ਪ੍ਰਾਪਤ ਨਹੀਂ ਹੁੰਦੀ ਤਾਂ ਉਸ ਨੂੰ ਮੋਜੂਦਾ ਕਾਡਰ ਵਿੱਚ ਸਮਝਿਆ ਜਾਵੇਗਾ ।

ਕਾਊਂਸਲਿੰਗ ਵਿਚ ਸ਼ਾਮਲ ਹੋਣ ਵਾਲੇ ਪ੍ਰਾਇਮਰੀ ਅਧਿਆਪਕ ਨਿਮਨਲਿਖਤ ਦਰਸਾਈ ਚੈੱਕ ਲਿਸਟ ਅਨੁਸਾਰ ਆਪਣੇ ਦਸਤਾਵੇਜ ਕਾਊਂਸਲਿੰਗ ਟੀਮ ਸਨਮੁੱਖ ਪੇਸ਼ ਕਰਨਗੇ। ਸੰਬੰਧਤ ਜਿਲ੍ਹਾ ਸਿੱਖਿਆ ਅਫਸਰ(ਐਸਿ) ਦੇ ਦਫਤਰ ਦਾ ਜਿੰਮੇਵਾਰ ਅਧਿਕਾਰੀ ਡੀਲਿੰਗਹੈਂਡ ਸਮੇਤ ਸੂਚੀ ਵਿਚ ਆਪਣੇ ਜਿਲ੍ਹੇ ਨਾਲ ਸੰਬੰਧਤ ਸਾਰੇ ਅਧਿਆਪਕਾਂ ਦਾ ਸੀਨੀਆਰਤਾ/ਡੀਬਾਰ/ਰਿਵਰਸ਼ਨ/ਸ਼ਿਕਾਇਤ ਪੜ੍ਹਤਾਲ ਪੈਡਿੰਗ/ਕੋਰਟ ਕੇਸ ਪੈਡਿੰਗ/ਗੁਪਤ ਰਿਪੋਰਟ ਸੰਬੰਧੀ ਐਡਵਰਸ ਰਿਮਾਰਕਸ ਅਤੇ ਬੈਂਚ ਮਾਰਕ/ਲੰਬੀ ਗੈਰਹਾਜਰੀ/ਨੋਸ਼ਨਲ ਨਿਯਕਤੀ ਆਦਿ ਸੰਬੰਧੀ ਮੁਕੰਮਲ ਦਫਤਰੀ ਰਿਕਾਰਡ ਕਾਊਂਸਲਿੰਗ ਸਮੇਂ ਪੇਸ਼ ਕਰੇਗਾ।

ਨੱਥੀ: 1. ਵਿਸ਼ਾ ਸੀਨੀਆਰਤਾ ਸੂਚੀਆਂ।
2. ਚੈੱਕ ਲਿਸਟ(ਸਮੇਤ ਪ੍ਰੋਫਾਰਮਾ ੳ,ਅ ਅਤੇ ੲ)
3. ਮੌਜੂਦਾ ਕਾਡਰ/ਨਵੇ ਬਣੇ ਬਾਰਡਰ ਏਰੀਆ ਆਪਸ਼ਨ ਫਾਰਮ।
4. ਸਕਰੂਟਨੀ ਪ੍ਰੋਫਾਰਮਾ

-ਸਹੀ/-
ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ)
ਪੰਜਾਬ।